# ਬੀ.ਸੀ. ਗ੍ਰੈਜੂਏਸ਼ਨ ਪ੍ਰੋਗਰਾਮ (ਗਰੇਡ 10-12 ਲਈ)

# ਮਾਤਾ-ਪਿਤਾ ਵਾਸਤੇ ਗਾਈਡ

## ਕੀ ਹੋ ਰਿਹਾ ਹੈ?

ਬ੍ਰਿਟਿਸ਼ ਕੋਲੰਬੀਆ ਦਾ ਗ੍ਰੈਜੂਏਸ਼ਨ ਪ੍ਰੋਗਰਾਮ ਬਦਲ ਰਿਹਾ ਹੈ। ਸਾਡੀ ਸਿੱਖਿਆ ਪ੍ਰਣਾਲੀ ਨੂੰ ਅੰਤਰਰਾਸ਼ਟਰੀ ਤੌਰ 'ਤੇ ਉਸਦੀ ਉੱਤਮਤਾ ਲਈ ਮਾਨਤਾ ਦਿੱਤੀ ਗਈ ਹੈ। ਅਤੇ ਅਸੀਂ ਇਸਨੂੰ ਹੋਰ ਵੀ ਬਿਹਤਰ ਬਣਾ ਸਕਦੇ ਹਾਂ। ਮਨਿਸਟਰੀ ਆਫ ਐਜੂਕੇਸ਼ਨ ਨੇ ਬੀ.ਸੀ. ਗ੍ਰੈਜੂਏਸ਼ਨ ਪ੍ਰੋਗਰਾਮ ਨੂੰ ਅੱਪਡੇਟ ਕਰਨ ਲਈ ਸਿੱਖਿਅਕਾਂ, ਪੋਸਟ-ਸੈਕੰਡਰੀ ਸੰਸਥਾਵਾਂ ਅਤੇ ਰੋਜ਼ਗਾਰਦਾਤਾਵਾਂ ਦੇ ਨਾਲ ਕੰਮ ਕੀਤਾ। ਨਵਾਂ ਪ੍ਰੋਗਰਾਮ ਵਿਦਿਆਰਥੀਆਂ ਨੂੰ ਉਹਨਾਂ ਦੀ ਪੂਰੀ ਸਮਰੱਥਾ ਤੱਕ ਵਿਕਸਤ ਕਰਨ ਵਿੱਚ ਸਹਾਇਤਾ ਕਰੇਗਾ ਅਤੇ ਉਹਨਾਂ ਨੂੰ ਅਜਿਹੇ ਹੁਨਰਾਂ ਨਾਲ ਲੈਸ ਕਰੇਗਾ, ਜਿਹਨਾਂ ਦੀ ਲੋੜ ਉਹਨਾਂ ਨੂੰ ਅਨੁਕੂਲ ਬਣਨ ਅਤੇ ਭਵਿੱਖ ਵਿੱਚ ਬਾਖੂਬੀ ਵਧਣ-ਫੁੱਲਣ ਲਈ ਚਾਹੀਦੀ ਹੈ।

## ਕੀ ਪਹਿਲਾਂ ਵਰਗਾ ਹੀ ਰਹਿ ਰਿਹਾ ਹੈ?

- ✓ **ਬੁਨਿਆਦੀ ਹੁਨਰ-ਪੜ੍ਹਨਾ, ਲਿਖਣਾ ਅਤੇ ਗਣਿਤ 'ਤੇ ਕੇਂਦਰਿਤ ਉੱਚੇ ਮਿਆਰ।**
- ✓ **ਗ੍ਰੈਜੂਏਟ ਕਰਨ ਲਈ 80 ਕ੍ਰੈਡਿਟਾਂ ਦੀ ਲੋੜ, ਜਿਹੜੇ ਵਿਸ਼ੇ ਖੇਤਰਾਂ ਦੀ ਵਿਆਪਕ ਰੇਂਜ ਦੀ ਨੁਮਾਇੰਦਗੀ ਕਰਦੇ ਹਨ (52 ਲੋੜੀਂਦੇ ਕ੍ਰੈਡਿਟ ਅਤੇ 28 ਚੋਣਵੇਂ ਕ੍ਰੈਡਿਟ)।**
- ✓ **ਲਏ ਗਏ ਸਾਰੇ ਕੋਰਸਾਂ ਲਈ ਰਸਮੀ ਰਿਪੋਰਟਾਂ ਅਤੇ ਟ੍ਰਾਂਸਕ੍ਰਿਪਟਾਂ 'ਤੇ ਅੱਖਰਾਂ ਵਾਲੇ ਗਰੇਡ ਅਤੇ ਪ੍ਰਤੀਸ਼ਤ।**
- ✓ **ਸੁਤੰਤਰ ਤੌਰ 'ਤੇ ਨਿਰਦੇਸ਼ਤ ਪੜ੍ਹਾਈ, ਬਾਹਰਲੇ ਪ੍ਰਮਾਣ-ਪੱਤਰਾਂ (credentials), ਕੋਰਸ ਸੰਬੰਧੀ ਚੁਣੌਤੀਆਂ, ਦੋਹਰੇ ਕ੍ਰੈਡਿਟਾਂ ਵਾਲੇ ਕੋਰਸਾਂ ਅਤੇ ਬਰਾਬਰੀ (equivalency)ਵਾਲੇ ਕ੍ਰੈਡਿਟਾਂ ਰਾਹੀਂ ਕ੍ਰੈਡਿਟ ਪ੍ਰਾਪਤ ਕਰਨ ਦੇ ਵਿਕਲਪਿਕ ਢੰਗ।**

## ਕੀ ਬਦਲ ਰਿਹਾ ਹੈ?

### *ਨਵਾਂ ਪਾਠਕ੍ਰਮ*

- ਨਵਾਂ ਪਾਠਕ੍ਰਮ ਵਿਦਿਆਰਥੀਆਂ 'ਤੇ ਕੇਂਦਰਿਤ ਅਤੇ ਲਚਕੀਲਾ ਹੈ।
- ਸਾਰੇ ਕੋਰਸ ਸਿਖਾਉਣ ਦੇ ਵੱਖ-ਵੱਖ ਢੰਗਾਂ ਦੀ ਆਗਿਆ ਦਿੰਦੇ ਹਨ ਅਤੇ ਸਾਰੇ ਵਿਦਿਆਰਥੀ ਕਿਸੇ ਵੀ ਕੋਰਸ ਤੱਕ ਪਹੁੰਚ ਹਾਸਲ ਕਰ ਸਕਦੇ ਹਨ। ਕੋਰਸ ਵਿਦਿਆਰਥੀਆਂ ਨੂੰ ਜ਼ਿਆਦਾ ਆਸਾਨ ਜਾਂ ਮੁਸ਼ਕਿਲ ਰਸਤਿਆਂ ਵੱਲ ਮੋੜਨ ਲਈ ਨਹੀਂ ਬਣਾਏ ਗਏ।

- ਨਵਾਂ ਮਾਡਲ ਉਸ ਉੱਪਰ ਧਿਆਨ ਕੇਂਦਰਿਤ ਕਰਦਾ ਹੈ, ਜੋ ਵਿਦਿਆਰਥੀ ਜਾਣਦੇ ਹੋਣਗੇ, ਕਰ ਅਤੇ ਸਮਝ ਸਕਣਗੇ।
- ਸਾਰੇ ਗਰੇਡਾਂ ਅਤੇ ਸਿੱਖਿਆ ਦੇ ਸਾਰੇ ਖੇਤਰਾਂ ਵਿੱਚ ਸਮੀਖਿਆ ਕਰਨ ਵਾਲੀ ਸੋਚ, ਸੰਚਾਰ ਅਤੇ ਮੂਲ ਨਿੱਜੀ ਅਤੇ ਸਮਾਜਿਕ ਕਾਬਲੀਅਤਾਂ 'ਤੇ ਜ਼ੋਰ ਦਿੱਤਾ ਜਾਂਦਾ ਹੈ। ਇਹ ਉਹ ਹੁਨਰ ਹਨ, ਜਿਹੜੇ ਰੋਜ਼ਗਾਰਦਾਤਾਵਾਂ ਅਤੇ ਪੋਸਟ-ਸੈਕੰਡਰੀ ਸੰਸਥਾਵਾਂ ਭਾਲ ਰਹੀਆਂ ਹਨ।
- ਮੂਲਵਾਸੀ (indigenous) ਗਿਆਨ ਅਤੇ ਦ੍ਰਿਸ਼ਟੀਕੋਣ ਸਾਰੇ ਗਰੇਡਾਂ ਅਤੇ ਸਿੱਖਿਆ ਦੇ ਸਾਰੇ ਖੇਤਰਾਂ ਵਿੱਚ ਸ਼ਾਮਲ ਕੀਤੇ ਹੋਏ ਹਨ।
- ਇਹ ਇੱਕ ਨਵਾਂ ਮਜ਼ਬੂਤ ਕੈਰੀਅਰ-ਲਾਈਫ ਐਜੂਕੇਸ਼ਨ ਪ੍ਰੋਗਰਾਮ ਫੀਚਰ ਕਰਦਾ ਹੈ, ਜਿਸ ਵਿੱਚ ਇੱਕ ਕੈਪਸਟੋਨ (capstone) ਪ੍ਰਾਜੈਕਟ ਸ਼ਾਮਲ ਹੈ।
- ਵਿਦਿਆਰਥੀਆਂ ਵਾਸਤੇ ਕੋਰਸਾਂ ਸੰਬੰਧੀ ਹੋਰ ਜ਼ਿਆਦਾ ਵਿਕਲਪ ਹਨ।

***ਤਿੰਨ ਨਵੇਂ ਸੂਬਾਈ ਗ੍ਰੈਜੂਏਸ਼ਨ ਮੁਲਾਂਕਣ*** – ਗਰੇਡ 10 ਵਿੱਚ ਗ੍ਰੈਜੂਏਸ਼ਨ ਸਮੇਂ ਹਿੰਦਸਿਆਂ ਦੇ ਗਿਆਨ (ਨਿਊਮਰੇਸੀ) ਦਾ ਮੁਲਾਂਕਣ ਅਤੇ ਗਰੇਡ 10 ਅਤੇ 12 ਵਿੱਚ ਗ੍ਰੈਜੂਏਸ਼ਨ ਸਾਖਰਤਾ ਮੁਲਾਂਕਣ (Graduation Literacy Assessments)

- ਨਵੇਂ ਪਾਠਕ੍ਰਮ ਦੇ ਨਾਲ ਸੇਧ ਵਾਲੇ ਸਖਤ, ਪ੍ਰਮਾਣਿਤ ਮੁਲਾਂਕਣ।
- ਗ੍ਰੈਜੂਏਸ਼ਨ ਲਈ ਲੋੜੀਂਦੇ।
- ਵਿਦਿਆਰਥੀਆਂ ਨੂੰ ਹਿੰਦਸਿਆਂ ਦੇ ਗਿਆਨ (ਨਿਊਮਰੇਸੀ) ਅਤੇ ਸਾਖਰਤਾ ਵਿੱਚ ਉਹਨਾਂ ਦੀ ਨਿਪੁੰਨਤਾ ਅਤੇ ਪ੍ਰਣਾਲੀ-ਸਤਰ ਦੀ ਜਾਣਕਾਰੀ ਬਾਰੇ ਫੀਡਬੈਕ ਮੁਹੱਈਆ ਕਰਦੇ ਹਨ।
- ਉਸ ਜ਼ਰੂਰੀ ਹਿੰਦਸਿਆਂ ਦੇ ਗਿਆਨ (ਨਿਊਮਰੇਸੀ) ਅਤੇ ਸਾਖਰਤਾ ਦਾ ਮੁਲਾਂਕਣ ਕਰਦੇ ਹਨ, ਜਿਸਦੀ ਲੋੜ ਗ੍ਰੈਜੂਏਟਾਂ ਨੂੰ ਜੀਵਨ, ਸਿੱਖਿਆ ਅਤੇ ਰੁਜ਼ਗਾਰ ਵਿੱਚ ਭਵਿੱਖ ਦੀ ਸਫਲਤਾ ਲਈ ਹੁੰਦੀ ਹੈ।
- ਖਾਸ ਕੋਰਸਾਂ 'ਤੇ ਨਹੀਂ, ਸਗੋਂ ਸਾਰੇ ਗਰੇਡਾਂ ਵਿੱਚ ਅਤੇ ਸਿਖਲਾਈ ਦੇ ਸਾਰੇ ਖੇਤਰਾਂ ਵਿੱਚ ਵਿਕਸਤ ਕੀਤੇ ਹਿੰਦਸਿਆਂ ਦੇ ਗਿਆਨ (ਨਿਊਮਰੇਸੀ) ਅਤੇ ਸਾਖਰਤਾ 'ਤੇ ਆਧਾਰਿਤ ਹੈ।
- ਨਿਪੂਨਤਾ ਸਕੇਲ 'ਤੇ ਸਕੋਰ ਕੀਤੇ ਜਾਂਦੇ ਹਨ।
- ਵਿਦਿਆਰਥੀ ਮੁਲਾਂਕਣ ਮੁੜ ਲਿਖ ਸਕਦੇ ਹਨ। ਹਰ ਇੱਕ ਲਈ ਸਭ ਤੋਂ ਵਧੀਆ ਨਤੀਜੇ ਨੂੰ ਅੰਤਲੀ ਟ੍ਰਾਂਸਕ੍ਰਿਪਟ 'ਤੇ ਰਿਕਾਰਡ ਕੀਤਾ ਜਾਵੇਗਾ।

### *ਭਾਸ਼ਾ ਕਲਾ ਪ੍ਰੀਖਿਆਵਾਂ*

- ਭਾਸ਼ਾ ਕਲਾ ਸੰਬੰਧੀ ਕੋਰਸਾਂ ਦਾ ਕਲਾਸਰੂਮ ਵਿੱਚ ਪੂਰੀ ਤਰ੍ਹਾਂ ਮੁਲਾਂਕਣ ਕੀਤਾ ਜਾਵੇਗਾ। 2018/19 ਸਕੂਲੀ ਸਾਲ ਤੋਂ ਬਾਦ ਭਾਸ਼ਾ ਕਲਾ 12 ਦੀਆਂ ਕੋਰਸ 'ਤੇ ਆਧਾਰਿਤ ਸੂਬਾਈ ਪ੍ਰੀਖਿਆਵਾਂ ਨਹੀਂ ਹੋਣਗੀਆਂ।

## ਕਦੋਂ?

- ਗਰੇਡ 10 ਪਾਠਕ੍ਰਮ ਸਾਰੇ ਬੀ.ਸੀ. ਸਕੂਲਾਂ ਵਿੱਚ 2018/19 ਸਕੂਲੀ ਸਾਲ ਵਿੱਚ ਸ਼ੁਰੂ ਹੋਇਆ।
- ਗਰੇਡ 11 ਅਤੇ 12 ਪਾਠਕ੍ਰਮ 2019/20 ਸਕੂਲੀ ਸਾਲ ਵਿੱਚ ਸ਼ੁਰੂ ਹੋਵੇਗਾ।
- ਗਰੇਡ 10 ਗ੍ਰੈਜੂਏਸ਼ਨ ਸਮੇਂ ਹਿੰਦਸਿਆ ਦੇ ਗਿਆਨ (ਨਿਊਮਰੇਸੀ) ਦੇ ਮੁਲਾਂਕਣ ਦੀ ਸ਼ੁਰੂਆਤ ਜਨਵਰੀ 2018 ਵਿੱਚ ਕੀਤੀ ਗਈ ਸੀ।
- ਗਰੇਡ 10 ਗ੍ਰੈਜੂਏਸ਼ਨ ਸਾਖਰਤਾ ਮੁਲਾਂਕਣ 2019/20 ਸਕੂਲੀ ਸਾਲ ਵਿੱਚ ਸ਼ੁਰੂ ਕੀਤਾ ਜਾਵੇਗਾ, ਗਰੇਡ 12 ਗ੍ਰੈਜੂਏਸ਼ਨ ਸਾਖਰਤਾ ਮੁਲਾਂਕਣ 2020/21 ਸਕੂਲੀ ਸਾਲ ਵਿੱਚ ਸ਼ੁਰੂ ਕੀਤਾ ਜਾਵੇਗਾ।

## ਪੋਸਟ ਸੈਕੰਡਰੀ ਸੰਸਥਾਵਾਂ ਬਾਰੇ ਕੀ?

- ਵਿਦਿਆਰਥੀਆਂ ਲਈ ਸਹਿਜ ਤਬਦੀਲੀਆਂ ਨੂੰ ਯਕੀਨੀ ਬਣਾਉਣ ਲਈ ਮਨਿਸਟਰੀ ਆਫ ਐਜੂਕੇਸ਼ਨ ਪੋਸਟ-ਸੈਕੰਡਰੀ ਸੰਸਥਾਂਵਾਂ ਨਾਲ ਨਜ਼ਦੀਕੀ ਢੰਗ ਨਾਲ ਕੰਮ ਕਰਨਾ ਜਾਰੀ ਰੱਖ ਰਹੀ ਹੈ।
- ਪੋਸਟ ਸੈਕੰਡਰੀ ਸੰਸਥਾਵਾਂ ਬੀ.ਸੀ. ਗ੍ਰੈਜੂਏਸ਼ਨ ਪ੍ਰੋਗਰਾਮ ਵਿੱਚ ਤਬਦੀਲੀਆਂ ਦੇ ਨਾਲ ਸੇਧ ਮਿਲਾਉਣ ਵਾਸਤੇ ਆਪਣੀਆਂ ਲੋੜਾਂ ਦੀ ਸਮੀਖਿਆ ਕਰ ਰਹੀਆਂ ਹਨ। ਹਰੇਕ ਕੋਲ ਉਹਨਾਂ ਦੇ ਦਾਖਲੇ ਸੰਬੰਧੀ ਲੋੜਾਂ ਨੂੰ ਨਿਰਧਾਰਿਤ ਕਰਨ ਦਾ ਅਧਿਕਾਰ ਹੈ।
- ਇਸ ਵਿੱਚ ਸੂਬਾਈ ਗ੍ਰੈਜੂਏਸ਼ਨ ਮੁਲਾਂਕਣ (Provincial Graduation Assessments) ਬਾਰੇ ਉਹਨਾਂ ਦਾ ਵਿਚਾਰ ਸ਼ਾਮਲ ਹੈ। ਜ਼ਿਆਦਾਤਰ ਨੇ ਦੱਸਿਆ ਕਿ ਉਹ ਇਸ ਵੇਲੇ ਦਾਖਲੇ ਵਾਸਤੇ ਗ੍ਰੈਜੂਏਸ਼ਨ ਸਮੇਂ ਹਿੰਦਸਿਆਂ ਦੇ ਗਿਆਨ (ਨਿਊਮਰੇਸੀ) ਦੇ ਮੁਲਾਂਕਣ ਦੀ ਵਰਤੋਂ ਨਹੀਂ ਕਰਨਗੇ। ਪੋਸਟ-ਸੈਕੰਡਰੀ ਸੰਸਥਾਵਾਂ ਗ੍ਰੈਜੂਏਸ਼ਨ ਸਮੇਂ ਹਿੰਦਸਿਆਂ ਦੇ ਗਿਆਨ (ਨਿਊਮਰੇਸੀ) ਦੇ ਮੁਲਾਂਕਣਾਂ ਤੇ ਵਿਚਾਰ ਕਰਨਗੀਆਂ, ਜਿਵੇਂ ਉਹਨਾਂ ਦਾ ਵਿਕਾਸ ਕੀਤਾ ਜਾਂਦਾ ਹੈ।
- ਵਿਦਿਆਰਥੀ ਹੋਰ ਜਾਣਕਾਰੀ ਲਈ ਉਸ ਸੰਸਥਾਂ ਨਾਲ ਸੰਪਰਕ ਕਰਨ ਦੀ ਇੱਛਾ ਪ੍ਰਗਟਾ ਸਕਦੇ ਹਨ,ਜਿਸ ਲਈ ਉਹ ਅਪਲਾਈ ਕਰ ਰਹੇ ਹਨ।

ਬੀ.ਸੀ. ਗ੍ਰੈਜੁਏਸ਼ਨ ਪ੍ਰੋਗਰਾਮ ਬਾਰੇ ਤਫਸੀਲ ਦੇਖੋ
www.gov.bc.ca

ਆਪਣੇ ਪ੍ਰਸ਼ਨ ਅਤੇ ਟਿੱਪਣੀਆਂ ਭੇਜੋ
curriculum@gov.bc.ca